BRITISH COLUMBIA

# ਨਿਊਜ਼ ਰਿਲੀਜ਼

ਤੁਰੰਤ ਜਾਰੀ ਕਰਨ ਲਈ
2019FIN0019-000248 ਵਿੱਤ ਮੰਤਰਾਲਾ
19 ਫਰਵਰੀ, 2019

**ਬਜਟ 2019 ਮੌਕੇ ਪੈਦਾ ਕਰਦਾ ਹੈ, ਲੋਕਾਂ ਲਈ ਜੀਵਨ ਨੂੰ ਬਿਹਤਰ ਬਣਾਉਂਦਾ ਹੈ**

ਵਿਕਟੋਰੀਆ – ਬਜਟ 2019 ਸਾਰੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਮੌਕੇ ਪੈਦਾ ਕਰ ਰਿਹਾ ਹੈ 18 ਸਾਲ ਤੱਕ ਦੀ ਉਮਰ ਦੇ ਬੱਚਿਆਂ ਵਾਸਤੇ ਇੱਕ ਨਵਾਂ ਬੀ.ਸੀ. ਚਾਈਲਡ ਆਪਰਚੂਨਿਟੀ ਬੈਨੀਫਿੱਟ ਪੇਸ਼ ਕਰਕੇ, ਬੀ.ਸੀ. ਵਿਦਿਆਰਥੀ ਕਰਜ਼ੇ ਤੋਂ ਵਿਆਜ ਹਟਾ ਕੇ, ਕਾਰੋਬਾਰਾਂ ਲਈ ਕਰ ਘਟਾ ਕੇ ਅਤੇ ਸਾਫ ਊਰਜਾ ਅਤੇ ਮੌਸਮ ਸੰਬੰਧੀ ਹੱਲ ਵਿੱਚ ਨਿਵੇਸ਼ ਕਰਕੇ।

ਬਜਟ 2019 ਲੋਕਾਂ ਵਿੱਚ ਇਤਿਹਾਸਿਕ ਨਿਵੇਸ਼ ਕਰਦਾ ਹੈ ਅਤੇ 2019-20 ਵਿੱਚ $274 ਮਿਲੀਅਨ, 2020-21 ਵਿੱਚ $287 ਮਿਲੀਅਨ ਅਤੇ 2021-22 ਵਿੱਚ $585 ਮਿਲੀਅਨ ਦੇ ਵਾਧੇ ਨਾਲ ਵਿੱਤੀ ਯੋਜਨਾ ਦੇ ਤਿੰਨੇ ਸਾਲਾਂ ਵਿੱਚ ਬਜਟ ਨੂੰ ਸੰਤੁਲਿਤ ਕਰਦਾ ਹੈ।

ਕੈਰਲ ਜੇਮਜ਼, ਵਿੱਤ ਮੰਤਰੀ ਨੇ ਕਿਹਾ, "ਬੀ.ਸੀ. ਵਿੱਚ ਲੋਕਾਂ ਨੇ ਬਹੁਤ ਸਮੇਂ ਲਈ ਸੰਘਰਸ਼ ਕੀਤਾ ਹੈ ਕਿਉਂਕਿ ਪੁਰਾਣੀ ਸਰਕਾਰ ਨੇ ਅਜਿਹੇ ਵਿਕਲਪ ਚੁਣੇ ਜਿਹਨਾਂ ਨੇ ਸਿਰਫ਼ ਕੁਝ ਉੱਚ ਲੋਕਾਂ ਦੀ ਸਹਾਇਤਾ ਕੀਤੀ, ਜਦਕਿ ਬਾਕੀ ਸਾਰੇ ਲੋਕ ਹੋਰ ਅਤੇ ਹੋਰ ਪਿੱਛੇ ਰਹਿੰਦੇ ਗਏ।" "ਬਜਟ 2019 ਹਜ਼ਾਰਾਂ ਡਾਲਰ ਤੁਹਾਡੀ ਜੇਬ ਵਿੱਚ ਵਾਪਸ ਪਾਕੇ ਤੁਹਾਡੇ ਅਤੇ ਤੁਹਾਡੇ ਪਰਿਵਾਰ ਵਾਸਤੇ ਦਰਵਾਜ਼ੇ ਖੋਲ੍ਹਦਾ ਹੈ। ਅਸੀਂ ਬ੍ਰਿਟਿਸ਼ ਕੋਲੰਬੀਆਂ ਦੇ ਮਿਹਨਤੀ ਵਾਸੀਆਂ ਨੂੰ ਉਨ੍ਹਾਂ ਦੇ ਜੀਵਨ ਦੇ ਹਰ ਪੜਾਅ 'ਤੇ ਅਗੇ ਵੱਧਣ ਵਿੱਚ ਸਹਾਇਤਾ ਕਰ ਰਹੇ ਹਾਂ, ਇਸ ਦੀ ਪਰਵਾਹ ਕੀਤੇ ਬਿਨਾਂ ਕਿ ਉਹ ਕਿਥੋਂ ਸ਼ੁਰੂਆਤ ਕਰ ਰਹੇ ਹਨ।"

ਜੀਵਨ ਨੂੰ ਪਰਿਵਾਰਾਂ ਵਾਸਤੇ ਹੋਰ ਕਫਾਇਤੀ ਬਣਾਉਣ ਵਾਸਤੇ ਅਤੇ ਹਰ ਬੱਚੇ ਨੂੰ ਉਨ੍ਹਾਂ ਦੀ ਪੂਰੀ ਸੰਭਾਵਨਾ ਤੱਕ ਪਹੁੰਚਣ ਵਿੱਚ ਸਹਾਇਤਾ ਕਰਨ ਵਾਸਤੇ ਬਜਟ 2019 ਲਾਗੂ ਕੀਤੇ ਬੀ.ਸੀ. ਚਾਇਲਡ ਆਪਰਚੂਨਿਟੀ ਬੈਨੀਫਿੱਟ ਰਾਂਹੀ ਬੱਚਿਆਂ ਦਾ ਪਾਲਣ ਪੋਸ਼ਣ ਕਰ ਰਹੇ ਬ੍ਰਿਟਿਸ਼ ਕੋਲੰਬੀਆਂ ਦੇ ਵਾਸੀਆਂ ਨੂੰ ਸਿੱਧੇ ਤੌਰ ਤੇ ਲਗਭਗ $400 ਮਿਲੀਅਨ ਵਾਪਸ ਕਰੇਗਾ ਅਤੇ ਅਕਤੂਬਰ, 2020 ਵਿੱਚ ਸ਼ੁਰੂ ਹੋਵੇਗਾ। ਇੱਕ ਪਰਿਵਾਰ ਦੇ ਪਹਿਲੇ ਬੱਚੇ ਲਈ, ਇਹ ਲਾਭ ਪ੍ਰਤੀ ਸਾਲ $1,600 ਤੱਕ ਹੈ, ਦੋ ਵੱਧ ਕੇ ਬੱਚਿਆਂ ਲਈ $2,600 ਤੱਕ ਅਤੇ ਤਿੰਨ ਬੱਚਿਆਂ ਲਈ $3,400 ਤੱਕ ਵੱਧ ਜਾਵੇਗਾ। ਪਰਿਵਾਰ ਬੱਚੇ ਦੇ ਪੈਦਾ ਹੋਣ ਤੋਂ ਲੈਕੇ 18 ਸਾਲ ਦੀ ਉਮਰ ਤੱਕ ਪਹੁੰਚਣ ਤੱਕ ਬੀ.ਸੀ. ਚਾਈਲਡ ਆਪਰਚੂਨਿਟੀ ਬੈਨੀਫਿੱਟ ਪ੍ਰਾਪਤ ਕਰਨਗੇ।

ਇਹ ਲਾਭ, ਮੈਡੀਕਲ ਸਰਵਿਸ ਪਲੈਨ (ਐਮਐਸਪੀ) ਪ੍ਰੀਮੀਅਮ ਦੇ ਪੂਰੇ ਖਾਤਮੇ ਨਾਲ, ਮੱਧ-ਵਰਗੀ ਪਰਿਵਾਰਾਂ ਨੂੰ ਇੱਕ ਪੀੜ੍ਹੀ ਵਿੱਚ ਉਨ੍ਹਾਂ ਦੇ ਟੈਕਸਾਂ ਵਿੱਚ ਸਭ ਤੋਂ ਵੱਡੀ ਕਟੌਤੀ ਦੇਵੇਗਾ:

- ਚਾਰ ਲੋਕਾਂ ਦੇ $60,000 ਕਮਾ ਰਹੇ ਪਰਿਵਾਰ ਦੇ ਸੂਬਾਈ ਟੈਕਸ 2016 ਦੇ ਮੁਕਾਬਲੇ 60% ਤੱਕ ਘੱਟ ਜਾਣਗੇ, ਇਸ ਪਰਿਵਾਰ ਦੀ ਜੇਬ ਵਿੱਚ $2,500 ਤੋਂ ਵੱਧ ਵਾਪਸ ਜਾਣਗੇ।
- ਚਾਰ ਲੋਕਾਂ ਦੇ $80,000 ਕਮਾ ਰਹੇ ਪਰਿਵਾਰ ਦੇ ਸੂਬਾਈ ਟੈਕਸ 2016 ਦੇ ਮੁਕਾਬਲੇ 43% ਤੱਕ ਘੱਟ ਜਾਣਗੇ, ਇਸ ਪਰਿਵਾਰ ਦੀ ਜੇਬ ਵਿੱਚ ਲਗਭਗ $2,400 ਤੋਂ ਵੱਧ ਵਾਪਸ ਜਾਣਗੇ।
- ਚਾਰ ਲੋਕਾਂ ਦੇ $100,000 ਕਮਾ ਰਹੇ ਪਰਿਵਾਰ ਦੇ ਸੂਬਾਈ ਟੈਕਸ 2016 ਦੇ ਮੁਕਾਬਲੇ 22% ਤੱਕ ਘੱਟ ਜਾਣਗੇ, ਇਸ ਪਰਿਵਾਰ ਦੀ ਜੇਬ ਵਿੱਚ ਲਗਭਗ $1,600 ਤੋਂ ਵੱਧ ਵਾਪਸ ਜਾਣਗੇ।

ਇਹ ਯਕੀਨੀ ਬਣਾਉਣ ਵਿੱਚ ਸਹਾਇਤਾ ਕਰਨ ਲਈ ਕਿ ਨੌਜਵਾਨ ਬਿਨ੍ਹਾਂ ਕਰਜ਼ੇ ਤੋਂ ਆਪਣੇ ਭਵਿੱਖ ਦੀ ਸ਼ੁਰੂਆਤ ਕਰ ਸਕਦੇ ਹਨ, ਬਜਟ 2019 ਸਾਰੇ ਨਵੇਂ ਅਤੇ ਮੌਜੂਦਾ ਬੀ.ਸੀ. ਵਿਦਿਆਰਥੀ ਕਰਜ਼ੇ ਲਈ ਵਿਆਜ ਨੂੰ ਖਤਮ ਕਰਦਾ ਹੈ। ਅੱਜ ਤੋਂ, ਸਾਰੇ ਬੀ.ਸੀ. ਵਿਦਿਆਰਥੀ ਕਰਜ਼ੇ ਉੱਪਰ ਵਿਆਜ ਲੱਗਣਾ ਬੰਦ ਹੋ ਜਾਵੇਗਾ। ਇਸਦਾ ਮਤਲਬ ਹੈ ਕਿ ਇੱਕ ਔਸਤ ਗ੍ਰੈਜੁਏਟ 10 - ਸਾਲ ਦੀ ਵਾਪਸੀ ਦੀ ਮਿਆਦ ਦੇ $28,000 ਦੇ ਸਾਂਝੇ ਕੇਂਦਰੀ ਅਤੇ ਸੂਬਾਈ ਲੋਨ 'ਤੇ ਵਿਆਜ ਵਿੱਚ $2,300 ਦੀ ਬਚੱਤ ਕਰੇਗਾ।

ਬਜਟ 2019 ਮੂਲਵਾਸੀ ਲੋਕਾਂ ਦੇ ਨਾਲ ਸੱਚੀ ਅਤੇ ਸਥਿਰ ਸੁਲ੍ਹਾ-ਸਫ਼ਾਈ ਪ੍ਰਾਪਤ ਕਰਨ ਪ੍ਰਤੀ ਸੂਬੇ ਦੀ ਵਚਨਬੱਧਤਾ ਨੂੰ ਮਜ਼ਬੂਤ ਕਰਦਾ ਹੈ, ਬੀ.ਸੀ. ਦੇ ਇਤਿਹਾਸ ਵਿੱਚ ਫਸਟ ਨੇਸ਼ਨਜ਼ ਦੇ ਨਾਲ ਆਮਦਨੀ - ਸਾਂਝੀ ਕਰਨ ਵਾਲੇ ਸਭ ਤੋਂ ਵੱਡੇ ਸਮਝੌਤੇ ਲਈ ਅਗਲੇ 25 ਸਾਲਾਂ ਦੌਰਾਨ ਅਨੁਮਾਨਿਤ $3 ਬਿਲੀਅਨ ਦਾ ਇਕਰਾਰ ਕਰਦੇ ਹੋਏ।

ਇਸ ਸਾਲ ਦਾ ਬਜਟ ਇਹ ਯਕੀਨੀ ਬਣਾਉਣ ਲਈ ਕਿ ਬੀ.ਸੀ. ਉਸਦੀਆਂ ਮੌਸਮ ਸੰਬੰਧੀ ਵਚਨਬੱਧਤਾਵਾਂ ਨੂੰ ਪੂਰਾ ਕਰ ਸਕਦਾ ਹੈ ਅਤੇ ਸੂਬੇ ਦੀ ਸਾਫ ਹਵਾ, ਜ਼ਮੀਨ ਅਤੇ ਪਾਣੀ ਦੀ ਰੱਖਿਆ ਕਰਨ ਲਈ $902 ਮਿਲੀਅਨ ਦਾ ਨਿਵੇਸ਼ ਕਰਕੇ ਕਲੀਨ ਬੀ.ਸੀ. ਦੇ ਨਾਲ ਅਗੇ ਵੱਧਦਾ ਹੈ। ਇਹ ਪਹਿਲ ਬੀ.ਸੀ. ਗ੍ਰੀਨ ਪਾਰਟੀ ਕੌਕਸ ਦੇ ਨਾਲ ਸਲਾਹ ਨਾਲ ਵਿਕਸਤ ਕੀਤੀ ਗਈ ਸੀ ਜਿਵੇਂ ਕਿ ਕੌਨਫਿਡੈਂਸ ਅਤੇ ਸਪਲਾਈ ਐਗਰੀਮੈਂਟ ਵਿੱਚ ਇਕਰਾਰ ਕੀਤਾ ਗਿਆ ਸੀ।

"ਬ੍ਰਿਟਿਸ਼ ਕੋਲੰਬੀਆ ਦੀ ਅਰਥਵਿਵਸਥਾ ਕੈਨੇਡਾ ਵਿੱਚ ਸਭ ਤੋਂ ਮਜ਼ਬੂਤ ਜੀਡੀਪੀ ਅਤੇ ਤਨਖਾਹ ਦੇ ਵਾਧੇ ਨਾਲ ਵੱਧ ਫੁੱਲ ਰਹੀ ਹੈ। ਇਹ ਸਾਫ ਹੈ ਕਿ ਸਾਰੇ ਬ੍ਰਿਟਿਸ਼ ਕੋਲੰਬੀਆਂ ਵਾਸੀਆਂ ਨਾਲ ਵਾਧੇ ਦੇ ਲਾਭ ਸਾਂਝੇ ਕਰਨ ਦਾ ਨਤੀਜਾ ਇੱਕ ਜ਼ਿਆਦਾ ਮਜ਼ਬੂਤ ਅਰਥਵਿਵਸਥਾ ਹੈ, ਜੇਮਜ਼ ਨੇ ਕਿਹਾ।" "ਅਸੀਂ ਇਕੱਠੇ ਮਿਲਕੇ ਮੌਸਮ ਵਿੱਚ ਤਬਦੀਲੀਆਂ ਦਾ ਸਾਮ੍ਹਣਾ ਕਰਨ ਅਤੇ ਅਜਿਹੇ ਬ੍ਰਿਟਿਸ਼ ਕੋਲੰਬੀਆ ਦਾ ਨਿਰਮਾਣ ਕਰਨ ਲਈ ਆਪਣੀ ਭੂਮਿਕਾ ਅਦਾ ਕਰ ਰਹੇ ਹਾਂ ਜਿੱਥੇ ਹਰ ਕੋਈ ਉਸ ਭਾਈਚਾਰੇ ਵਿੱਚ ਇੱਕ ਚੰਗੇ ਜੀਵਨ ਅਤੇ ਸੁਰੱਖਿਅਤ ਭਵਿੱਖ ਦਾ ਆਨੰਦ ਮਾਣ ਸਕਦਾ ਹੈ, ਜਿਸ ਨੂੰ ਉਹ ਘਰ ਕਹਿੰਦੇ ਹਨ।"

ਬ੍ਰਿਟਿਸ਼ ਕੋਲੰਬੀਆ ਦੇ ਲੰਬੀ-ਮਿਆਦ ਦੇ ਆਰਥਿਕ ਵਾਧੇ ਨੂੰ ਸਹਾਰਾ ਦੇਣ ਲਈ, ਸਰਕਾਰ ਉਸ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨ ਲਈ ਤਿੰਨ ਸਾਲਾਂ ਵਿੱਚ $20 ਬਿਲੀਅਨ ਦਾ ਨਿਵੇਸ਼ ਕਰ ਰਹੀ ਹੈ ਜਿਸ ਦੀ ਲੋੜ ਬੀ.ਸੀ. ਨੂੰ ਵੱਧਣ-ਫੁੱਲਣ, ਅਤੇ ਚੰਗੀ ਤਨਖਾਹ ਦੇਣ ਵਾਲੀਆਂ ਹਜ਼ਾਰਾਂ ਨੌਕਰੀਆਂ ਨੂੰ ਪੈਦਾ ਕਰਨ ਅਤੇ ਉਨ੍ਹਾਂ ਨੂੰ ਸਹਾਰਾ ਦੇਣ ਲਈ ਲੋੜੀਂਦੀ ਹੈ।

ਇਸ ਤੋਂ ਅੱਗੇ, ਸੂਬਾ ਨਵੇਂ ਕਾਰਖਾਨੇ, ਉਪਕਰਣ ਅਤੇ ਸਮੱਗਰੀ ਵਿੱਚ ਨਿਵੇਸ਼ ਨੂੰ ਸਹਾਰਾ ਦੇਣ ਲਈ ਬੀ.ਸੀ. ਦੀ ਮੁਕਾਬਲੇਬਾਜ਼ੀ ਨੂੰ ਵਧਾਉਣ ਲਈ ਕੈਨੇਡਾ ਦੀ ਸਰਕਾਰ ਨਾਲ ਇਕੱਠੇ ਹੁੰਦੇ ਹੋਏ ਵਿੱਤੀ ਯੋਜਨਾ ਦੌਰਾਨ ਕਾਰੋਬਾਰੀ ਕਰਾਂ ਵਿੱਚ $800 ਮਿਲੀਅਨ ਤੋਂ ਵੱਧ ਦੀਆਂ ਕਟੌਤੀਆਂ ਨਾਲ ਅੱਗੇ ਵੱਧ ਰਿਹਾ ਹੈ।

ਬਜਟ 2019 ਸੁਧਰੀ ਹੋਈ ਸਿਹਤ ਦੇਖਭਾਲ, ਗੁਣਵੱਤਾ ਵਾਲੀ ਸਿੱਖਿਆ ਅਤੇ ਕਫਾਇਤੀ, ਪਹੁੰਚਯੋਗ ਬਾਲ-ਸੰਭਾਲ ਸਮੇਤ ਲੋਕਾਂ ਵਾਸਤੇ ਬਿਹਤਰ ਸੇਵਾਵਾਂ ਵਿੱਚ ਨਿਵੇਸ਼ ਕਰਨਾ ਜਾਰੀ ਰੱਖਦਾ ਹੈ। ਪ੍ਰਾਥਮਿਕਤਾਵਾਂ ਦੀ ਤਰ੍ਹਾਂ, ਸਰਕਾਰ ਹੋਰ ਜ਼ਿਆਦਾ ਹਸਪਤਾਲ ਅਤੇ ਉਡੀਕ ਦੀਆਂ ਛੋਟੀਆਂ ਮਿਆਦਾਂ ਪ੍ਰਦਾਨ ਕਰ ਰਹੀ ਹੈ, ਹਜ਼ਾਰਾਂ ਅਧਿਆਪਕਾਂ ਅਤੇ ਸਕੂਲਾਂ ਨੂੰ ਫੰਡ ਕਰ ਰਹੀ ਹੈ ਅਤੇ, ਬੀ.ਸੀ. ਵਿੱਚ ਬਣੇ ਇੱਕ ਵਿਸ਼ਵਵਿਆਪੀ ਚਾਈਲਡ ਕੇਅਰ ਪ੍ਰੋਗਰਾਮ ਵੱਲ ਰਸਤੇ ਨੂੰ ਜਾਰੀ ਰੱਖ ਰਹੀ ਹੈ।

**ਜੀਵਨ ਨੂੰ ਹੋਰ ਜ਼ਿਆਦਾ ਕਫਾਇਤੀ ਬਣਾਉਣਾ**

- ਨਵੇਂ ਬੀ.ਸੀ. ਚਾਇਲਡ ਆਪਰਚੂਨਿਟੀ ਬੈਨੀਫਿੱਟ ਦੀ ਸ਼ੁਰੂਆਤ ਕਰਨਾ - ਅਕਤੂਬਰ 2020 ਵਿੱਚ ਸ਼ੁਰੂ ਹੋ ਰਿਹਾ - ਜਿਹੜਾ ਇੱਕ ਬੱਚੇ ਵਾਲੇ ਪਰਿਵਾਰਾਂ ਨੂੰ ਪ੍ਰਤੀ ਸਾਲ $1,600 ਤੱਕ, ਦੋ ਬੱਚਿਆਂ ਵਾਲੇ ਪਰਿਵਾਰਾਂ ਲਈ ਵੱਧ ਕੇ $2,600 ਤੱਕ ਅਤੇ ਤਿੰਨ ਬੱਚਿਆਂ ਵਾਲੇ ਪਰਿਵਾਰਾਂ ਲਈ $3,400 ਤੱਕ ਮੁਹੱਈਆ ਕਰੇਗਾ। ਬੱਚੇ ਦੇ ਪਾਲਣ ਪੋਸ਼ਣ ਦੇ ਦੌਰਾਨ, ਇੱਕ ਬੱਚੇ ਵਾਲੇ ਪਰਿਵਾਰ $28,800 ਤੱਕ ਪ੍ਰਾਪਤ ਕਰਨਗੇ। ਦੋ ਬੱਚਿਆਂ ਵਾਲੇ ਪਰਿਵਾਰਾਂ ਲਈ, ਇਹ ਅੰਕ ਸਹਾਰੇ ਵਿੱਚ $40,000 ਤੋਂ ਵੱਧ ਹੋ ਸਕਦਾ ਹੈ।
- ਬ੍ਰਿਟਿਸ਼ ਕੋਲੰਬੀਆ ਵਿਦਿਆਰਥੀ ਕਰਜ਼ੇ 'ਤੇ ਵਿਆਜ ਨੂੰ ਖਤਮ ਕਰਨਾ- 19 ਫਰਵਰੀ, 2019 ਤੋਂ, ਬੀ.ਸੀ. ਦੇ ਸਾਰੇ ਵਿਦਿਆਰਥੀ ਕਰਜ਼ੇ 'ਤੇ ਵਿਆਜ ਲੱਗਣਾ ਬੰਦ ਹੋ ਜਾਏਗਾ; 10- ਸਾਲ ਦੀ ਵਾਪਸੀ ਦੀ ਮਿਆਦ ਦੇ $28,000 ਦੇ ਸਾਂਝੇ ਕੇਂਦਰੀ ਅਤੇ ਸੂਬਾਈ ਲੋਨ ਲੈਣ ਵਾਲੇ ਸੰਬੰਧਿਤ ਵਿਅਕਤੀ ਲਈ ਵਿਆਜ ਵਿੱਚ $2,300 ਦੀ ਬਚੱਤ ਕਰਦੇ ਹੋਏ।
- 1 ਜਨਵਰੀ, 2020 ਨੂੰ ਐਮਐਸਪੀ ਪ੍ਰੀਮੀਅਮਾਂ ਨੂੰ ਪੂਰੀ ਤਰ੍ਹਾਂ ਖਤਮ ਕਰਨਾ, ਪ੍ਰਤੀ ਸਾਲ ਪਰਿਵਾਰਾਂ ਲਈ $1,800 ਤੱਕ ਦੀ ਬਚੱਤ ਕਰਦੇ ਹੋਏ।
- ਆਮਦਨੀ ਅਤੇ ਅਪੰਗਤਾ ਦੇ ਸਹਾਇਤਾ ਦਰ ਨੂੰ ਪ੍ਰਤੀ ਮਹੀਨਾ ਵਾਧੂ $50 ਨਾਲ ਵਧਾਉਣਾ, ਜਿਸ ਦਾ ਮਤਲਬ ਪ੍ਰਤੀ ਮਹੀਨੇ ਕੁਲ $150 ਜਾਂ ਬਜਟ ਅੱਪਡੇਟ 2017 ਤੋਂ ਬਾਅਦ ਪ੍ਰਤੀ ਸਾਲ $1,800 ਦਾ ਵਾਧਾ ਹੈ।
- ਬੀ.ਸੀ. ਇੰਮਪਲੌਏਮੈਂਟ ਅਸਿਸਟੈਂਟ ਪ੍ਰੋਗਰਾਮ ਵਿੱਚ ਆਮਦਨੀ ਅਤੇ ਅਪੰਗਤਾ ਸਹਾਇਤਾ ਵਾਧਿਆਂ ਵਿੱਚ $26 ਮਿਲੀਅਨ ਦਾ ਨਿਵੇਸ਼ ਕਰਨਾ ਤਾਂ ਕਿ ਸਹਾਇਤਾ ਤੱਕ ਪਹੁੰਚਣ ਵਿੱਚ ਰੁਕਾਵਟਾਂ ਨੂੰ ਹਟਾਉਣ ਵਿੱਚ ਮਦਦ ਮਿਲ ਸਕੇ। ਜਿਵੇਂ ਕਿ ਅਜਿਹੀਆਂ ਲੋੜਾਂ ਨੂੰ ਹਟਾਉਣਾ ਜਿਹੜੀਆਂ ਵਡੇਰੀ ਉਮਰ ਦੇ ਬਾਲਗਾਂ, ਨੌਜਵਾਨਾਂ ਅਤੇ ਮਾਨਸਿਕ ਸਿਹਤ ਸੰਬੰਧੀ ਮੁੱਦਿਆਂ ਵਾਲੇ ਲੋਕਾਂ ਲਈ ਪ੍ਰੋਗਰਾਮ ਤੱਕ ਪਹੁੰਚਣਾ ਵੱਧ ਮੁਸ਼ਕਲ

ਬਣਾਉਂਦੀਆਂ ਹਨ; ਲੋਕਾਂ ਨੂੰ ਪਛਾਣ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨਾ ਤਾਂ ਕਿ ਉਹ ਆਮਦਨੀ ਸੰਬੰਧੀ ਮਦਦ (ਇਨਕਮ ਅਸਿਸਟੈਂਸ) ਤੱਕ ਪਹੁੰਚ ਕਰ ਸਕਣ; ਅਤੇ ਅਜਿਹੇ ਲੋਕਾਂ ਦੇ ਲਈ ਸ਼ੈਲਟਰ ਦਰ ਨੂੰ ਵਧਾਉਣਾ, ਜਿਹੜੇ ਇੱਕ ਪਰਿਵਾਰ ਦੇ ਮੈਂਬਰ ਨੂੰ ਰਹਿਣ ਅਤੇ ਖਾਣ ਲਈ ਭੁਗਤਾਨ ਕਰ ਰਹੇ ਹਨ।

- ਅਜਿਹੇ ਮਾਪਿਆਂ ਦੇ ਲਈ ਆਰਾਮ ਸੇਵਾਵਾਂ ਮੁਹੱਈਆ ਕਰਨ ਲਈ ਸਾਲਾਨਾ $6 ਮਿਲੀਅਨ ਦਾ ਨਿਵੇਸ਼ ਕਰਨਾ ਜਿਹੜੇ ਅਪੰਗਤਾਵਾਂ ਵਾਲੇ ਬੱਚਿਆਂ ਲਈ ਦੇਖਭਾਲ ਮੁੱਹਈਆ ਕਰਦੇ ਹਨ। ਇਹ ਆਰਾਮ ਸੇਵਾਵਾਂ ਦੇ ਲਈ ਉਡੀਕ ਸੂਚੀ ਨੂੰ ਮਹੱਤਵਪੂਰਨ ਢੰਗ ਨਾਲ ਘਟਾਏਗਾ ਅਤੇ ਆਰਾਮ ਸੰਬੰਧੀ ਲਾਭ ਵਿੱਚ 10% ਦਾ ਵਾਧਾ ਕਰੇਗਾ।
- ਬੱਚਿਆਂ ਦੀ ਦੇਖਭਾਲ ਕਰ ਰਹੇ ਪਾਲਕ ਮਾਪਿਆਂ, ਗੋਦ ਲੈਣ ਵਾਲੇ ਮਾਪਿਆਂ ਅਤੇ ਵਿਸਤ੍ਰਿਤ ਪਰਿਵਾਰ ਦੇ ਮੈਂਬਰਾਂ ਨੂੰ ਸਹਾਰਾ ਦੇਣ ਵਾਲੇ ਵਾਸਤੇ $85 ਮਿਲੀਅਨ ਦਾ ਨਿਵੇਸ਼ ਕਰ ਰਹੇ ਹਾਂ ਅਤੇ ਇਹ ਯਕੀਨੀ ਬਣਾ ਰਹੇ ਹਾਂ ਕਿ ਸੰਭਾਲ ਵਾਲੇ ਬੱਚਿਆਂ ਨੂੰ ਸੂਬਾਈ ਟੈਕਸ ਬੈਨੀਫਿੱਟ ਤੋਂ ਲਾਭ ਹੋਵੇ। ਇਸ ਵਿੱਚ ਐਕਸਟੈਂਡਿਡ ਫੈਮਲੀ ਪ੍ਰੋਗਰਾਮ ਲਈ ਸਹਾਰਾ ਦੇਣ ਵਾਲੇ ਭੁਗਤਾਨਾਂ ਵਿੱਚ 75% ਦਾ ਵਾਧਾ ਅਤੇ ਮੂਲਵਾਸੀ ਭਾਈਚਾਰਿਆਂ ਅਤੇ ਗਰੈਂਡ ਚੀਫ ਐਡ ਜੌਨ ਦੀ ਰਿਪੋਰਟ ਦੀਆਂ ਸਿਫਾਰਸ਼ਾਂ ਦਾ ਜਵਾਬ ਸ਼ਾਮਲ ਹੈ।
- ਭਾਈਚਾਰੇ ਦੀਆਂ ਸੰਸਥਾਵਾਂ ਨੂੰ ਅਜਿਹੇ ਘੱਟ ਆਮਦਨੀ ਵਾਲੇ ਕਿਰਾਏਦਾਰਾਂ ਨੂੰ ਬਿਨਾਂ ਜਾਂ ਬਹੁਤ ਘੱਟ ਵਿਆਜ ਦੇ ਨਾਲ ਛੋਟੀ-ਮਿਆਦ ਦੇ ਕਰਜ਼ੇ ਦੇ ਕੇ ਰੈਂਟ ਬੈਂਕ (ਕਿਰਾਇਆ ਬੈਂਕ) ਚਲਾਉਣ ਲਈ ਫੰਡਿੰਗ ਮੁਹੱਈਆ ਕਰਨੀ, ਜਿਹੜੇ ਵਿੱਤੀ ਸੰਕਟ ਕਰਕੇ ਉਨ੍ਹਾਂ ਦੇ ਕਿਰਾਏ ਦਾ ਭੁਗਤਾਨ ਨਹੀਂ ਕਰ ਸਕਦੇ।
- $76 ਮਿਲੀਅਨ ਦੇ ਨਿਵੇਸ਼ ਨਾਲ ਬੇਘਰੀ ਕਾਰਜ ਯੋਜਨਾ ਦੀ ਸ਼ੁਰੂਆਤ ਕਰਨਾ, ਜਿਹੜੀ ਜ਼ਮੀਨ ਪ੍ਰਾਪਤ ਕਰਨ ਅਤੇ ਉਨ੍ਹਾਂ ਲੋਕਾਂ ਲਈ ਮੌਡਿਊਲਰ ਘਰਾਂ ਦੀ ਸੰਖਿਆ ਨੂੰ 2,200 ਤੱਕ ਵਧਾਉਣ ਵਾਸਤੇ ਸੇਵਾਵਾਂ ਨੂੰ ਸਹਾਰਾ ਦੇਵੇਗੀ, ਜਿਸਦੀ ਉਨ੍ਹਾਂ ਨੂੰ ਲੋੜ ਹੈ।

**ਪਰਿਵਾਰਾਂ ਲਈ ਬਿਹਤਰ ਸੇਵਾਵਾਂ ਪ੍ਰਦਾਨ ਕਰਨਾ**

- ਇਹ ਯਕੀਨੀ ਬਣਾਉਣ ਲਈ ਕਿ ਮਰੀਜ਼ਾਂ ਨੂੰ ਗੁਣਵੱਤਾ ਵਾਲੀ ਉਹ ਦੇਖਭਾਲ ਪ੍ਰਾਪਤ ਹੁੰਦੀ ਹੈ ਜਿਸ ਦੇ ਉਹ ਹੱਕਦਾਰ ਹਨ, ਹਸਪਤਾਲਾਂ, ਮੈਡੀਕਲ ਅਤੇ ਡਾਇਗਨੌਸਟਿਕ ਸਮਾਨ ਅਤੇ ਸਿਹਤ ਜਾਣਕਾਰੀ ਪ੍ਰਬੰਧਕ ਸਿਸਟਮਜ਼ ਨੂੰ ਵਧਾਉਣ ਅਤੇ ਅਪਗਰੇਡ ਕਰਨ ਲਈ ਤਿੰਨ ਸਾਲਾਂ ਵਿੱਚ $4.4 ਬਿਲੀਅਨ ਦਾ ਨਿਵੇਸ਼ ਕਰਨਾ।
- ਬੀ.ਸੀ. ਕੈਂਸਰ ਏਜੰਸੀ ਦੁਆਰਾ ਪਹੁੰਚਾਈਆਂ ਜਾਣ ਵਾਲੀਆਂ ਜਾਨ ਬਚਾਉਣ ਵਾਲੀਆਂ ਕੈਂਸਰ ਦੇਖਭਾਲ ਸੇਵਾਵਾਂ ਨੂੰ ਸਹਾਰਾ ਦੇਣ ਲਈ ਤਿੰਨ ਸਾਲਾਂ ਵਿੱਚ $105 ਮਿਲੀਅਨ ਮੁਹੱਈਆ ਕਰਨਾ, ਜਿਸ ਵਿੱਚ ਕੈਂਸਰ ਸੰਬੰਧੀ ਸਰਜਰੀਆਂ ਦੀ ਸੰਖਿਆ, ਡਾਇਗਨੌਸਟਿਕ ਈਮੇਜਿੰਗ, ਪੀ ਈ ਟੀ ਅਤੇ ਸੀ ਟੀ ਸਕੈਨਾਂ ਨੂੰ ਵਧਾਉਣਾ ਸ਼ਾਮਲ ਹੈ।
- $74 ਮਿਲੀਅਨ ਦੇ ਨਿਵੇਸ਼, ਜਿਹੜਾ ਬੱਚਿਆਂ, ਨੌਜਵਾਨਾਂ ਅਤੇ ਨੌਜਵਾਨ ਬਾਲਗਾਂ 'ਤੇ ਧਿਆਨ ਕੇਂਦਰਿਤ ਕਰਨ ਵਾਲੀਆਂ ਨਵੀਆਂ ਪਹਿਲਾਂ ਨੂੰ ਫੰਡ ਕਰਦਾ ਹੈ, ਦੇ ਨਾਲ ਬ੍ਰਿਟਿਸ਼ ਕੋਲੰਬੀਆ ਵਾਸੀਆਂ ਵਾਸਤੇ ਮਾਨਸਿਕ ਸਿਹਤ ਸੰਬੰਧੀ ਦੇਖਭਾਲ ਵਿੱਚ ਸੁਧਾਰ ਕਰਨਾ।
- ਬੀ.ਸੀ. ਦੇ ਨਸ਼ਿਆਂ ਦੇ ਓਵਰਡੋਜ਼ ਸੰਕਟ ਨਾਲ ਨਜਿੱਠਣ ਵਿੱਚ ਸਹਾਇਤਾ ਕਰਨ ਵਾਸਤੇ ਸਹਾਰੇ ਵਿੱਚ ਵਾਧੂ $30 ਮਿਲੀਅਨ ਦਾ ਵਾਧਾ ਕਰ ਰਹੇ ਹਾਂ, ਜੋ ਬਜਟ 2017 ਅੱਪਡੇਟ ਤੋਂ ਬਾਅਦ ਕੁਲ $608 ਮਿਲੀਅਨ ਹੋ ਗਿਆ ਹੈ। ਇਹ ਬੀ.ਸੀ. ਦੇ ਪੇਂਡੂ ਅਤੇ ਦੂਰ-ਦੁਰੇਡੇ ਖੇਤਰਾਂ ਵਿੱਚ ਜਾਨ ਬਚਾਉਣ ਵਾਲੀਆਂ ਨੈਲੌਕਸੋਨ ਕਿੱਟ ਤੱਕ ਪਹੁੰਚ ਨੂੰ ਵਧਾਉਣ ਅਤੇ ਪੈਰਾਮੈਡਿਕਾਂ ਵਾਸਤੇ ਵਧੀ ਹੋਈ ਮੰਗ ਨੂੰ ਪੂਰਾ ਕਰਨ ਲਈ ਪਾਇਲਟ ਪ੍ਰੋਗਰਾਮਾਂ ਨੂੰ ਫੰਡ ਕਰਨ ਵਿੱਚ ਮਦਦ ਕਰੇਗਾ।
- ਵਾਧੂ $42 ਮਿਲੀਅਨ ਦੇ ਨਾਲ ਬੀ.ਸੀ. ਦੇ ਫੇਅਰ ਫਾਰਮਾਕੇਅਰ ਪ੍ਰੋਗਰਾਮ ਨੂੰ ਵਧਾਉਣਾ, ਦਵਾਈਆਂ ਦੇ ਹੋਰ ਜਿਆਦਾ ਵਿਕਲਪਾਂ ਵਾਸਤੇ ਬੀਮਾਕ੍ਰਿਤ ਰਾਸ਼ੀ ਮੁਹੱਈਆ ਕਰਦੇ ਹੋਏ ਜੋ ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੇ ਸਿਹਤ ਸੰਬੰਧੀ ਨਤੀਜਿਆਂ ਨੂੰ ਸੁਧਾਰੇਗਾ। ਉਸ ਵਿੱਚ ਸ਼ੱਕਰ ਰੋਗ, ਦਮੇ ਅਤੇ ਹਾਈਪਰਟੈਨਸ਼ਨ ਨਾਲ ਜੀ ਰਹੇ ਲੋਕ ਸ਼ਾਮਲ ਹਨ।
- ਬੀ.ਸੀ. ਦੀ ਜਨਤਕ ਸਿੱਖਿਆ ਪ੍ਰਣਾਲੀ ਦੇ ਲਈ ਵਾਧੂ ਸਹਾਰਿਆਂ ਵਿੱਚ $550 ਮਿਲੀਅਨ ਤੋਂ ਵੱਧ ਮੁਹੱਈਆ ਕਰਨਾ, ਜਿਸ ਵਿੱਚ ਬੱਚਿਆਂ ਲਈ ਬਿਹਤਰ ਕਲਾਸਰੂਮਾਂ ਨੂੰ ਸਹਾਰਾ ਦੇਣ ਲਈ ਤਿੰਨ ਸਾਲਾਂ ਵਿੱਚ ਕਲਾਸਰੂਮ ਸੁਧਾਰ (ਏਨਹਾਂਸਮੈਂਟ) ਫੰਡ ਦੇ ਲਈ $58 ਮਿਲੀਅਨ ਸ਼ਾਮਲ ਹੈ। ਇਹ 1,000 ਸਪੈਸ਼ਲ ਐਜੂਕੇਸ਼ਨ ਸਹਾਇਕਾਂ ਸਮੇਤ, 4,000 ਤੋਂ ਵੱਧ ਨਵੇਂ ਅਧਿਆਪਕਾਂ ਤੋਂ ਇਲਾਵਾ ਹੈ, ਜਿੰਨਾਂ ਨੂੰ ਬੀ.ਸੀ. ਦੇ ਕਲਾਸਰੂਮਾਂ ਵਿੱਚ ਵਿਦਿਆਰਥੀਆਂ ਨੂੰ ਸਹਾਰਾ ਦੇਣ ਲਈ ਭਰਤੀ ਕੀਤਾ ਗਿਆ ਹੈ।
- ਲੋਕਾਂ ਨੂੰ ਉਨ੍ਹਾਂ ਦੁਆਰਾ ਲੋੜੀਂਦੀਆਂ ਕਾਨੂੰਨੀ ਸੇਵਾਵਾਂ ਤੱਕ ਪਹੁੰਚਣ ਵਿੱਚ ਮਦਦ ਕਰਨ ਲਈ ਕਾਨੂੰਨੀ ਕਲੀਨਿਕ ਪਾਇਲਟ ਕਰਨ ਲਈ ਸਾਲਾਨਾ ਨਿਵੇਸ਼ ਦੇ ਨਾਲ ਅਗੇ ਵੱਧਣਾ।
- ਜੰਗਲੀ ਅੱਗਾਂ ਦਾ ਸਾਮ੍ਹਣਾ ਕਰਨ ਅਤੇ ਉਨ੍ਹਾਂ ਦੀ ਰੋਕਥਾਮ ਕਰਨ ਲਈ ਸੂਬੇ ਦੀਆਂ ਕੋਸ਼ਿਸ਼ਾਂ ਨੂੰ ਮਜ਼ਬੂਤ ਕਰਦੇ

ਰਹਿਣ ਨੂੰ ਜਾਰੀ ਰੱਖਣ ਲਈ ਤਿੰਨ ਸਾਲਾਂ ਵਿੱਚ $111 ਮਿਲੀਅਨ ਜੋੜਨਾ।

**ਲੋਕਾਂ ਲਈ ਕੰਮ ਕਰਦੀ ਮਜ਼ਬੂਤ, ਟਿਕਾਊ ਅਰਥਵਿਵਸਥਾ ਵਿੱਚ ਨਿਵੇਸ਼ ਕਰਨਾ**

- ਮੁੱਖ ਤੌਰ 'ਤੇ ਸਿਹਤ, ਆਵਾਜਾਈ ਅਤੇ ਸਿੱਖਿਆ ਦੇ ਖੇਤਰਾਂ ਵਿੱਚ $20 ਬਿਲੀਅਨ ਤੋਂ ਵੱਧ ਦਾ ਪੂੰਜੀ ਨਿਵੇਸ਼ ਕਰਨਾ - ਬੀ.ਸੀ. ਦੇ ਇਤਿਹਾਸ ਵਿੱਚ ਬੁਨਿਆਦੀ ਢਾਂਚੇ ਵਿੱਚ ਸਭ ਤੋਂ ਵੱਡਾ ਨਿਵੇਸ਼। ਇਹ ਬੀ.ਸੀ. ਭਰ ਦੇ ਭਾਈਚਾਰਿਆਂ ਵਿੱਚ ਹਜ਼ਾਰਾਂ ਨੌਕਰੀਆਂ ਪੈਦਾ ਕਰੇਗਾ।
- ਕਲੀਨ ਬੀ.ਸੀ. ਲਈ $902 ਮਿਲੀਅਨ ਤੋਂ ਵੱਧ ਮੁਹੱਈਆ ਕਰਨਾ, ਬੀ.ਸੀ. ਨੂੰ ਜਿਆਦਾ ਸਾਫ, ਜ਼ਿਆਦਾ ਚਮਕਦਾਰ ਅਤੇ ਘੱਟ ਕਾਰਬਨ ਵਾਲੇ ਭਵਿੱਖ ਲਈ ਰਾਹ 'ਤੇ ਪਾਉਣਾ। ਇਹ ਹਵਾ ਦੇ ਪ੍ਰਦੂਸ਼ਣ ਨੂੰ ਘਟਾਏਗਾ ਅਤੇ ਕਲੀਨ ਐਨਰਜੀ ਵਹੀਕਲ ਪ੍ਰੋਗਰਾਮ, ਘਰ ਵਿੱਚ ਊਰਜਾ ਬਚਾਉਣ ਵਾਲੇ ਸੁਧਾਰਾਂ ਲਈ ਲਾਭਾਂ, ਨੈੱਟ-ਜ਼ੀਰੋ ਬਿਲਡਿੰਗ ਕੋਡ ਅਤੇ ਭਾਈਚਾਰਿਆਂ ਨੂੰ ਊਰਜਾ ਦੇ ਜਿਆਦਾ ਸਾਫ ਸ੍ਰੋਤਾਂ ਤੱਕ ਤਬਦੀਲੀ ਕਰਨ ਲਈ ਪ੍ਰੋਗਰਾਮਾਂ ਦੁਆਰਾ ਪਰਿਵਾਰਾਂ ਲਈ ਪੈਸੇ ਦੀ ਬਚੱਤ ਕਰੇਗਾ।
- $10 ਮਿਲੀਅਨ ਦੇ ਨਿਵੇਸ਼ ਨਾਲ, ਜੰਗਲੀ ਮਿਆਦਾਂ ਅਤੇ ਨਿਰਮਾਣ ਦਾ ਵਿਸਤ੍ਰਿਤੀਕਰਨ, ਬੀ.ਸੀ. ਵਿੱਚ ਲੱਕੜ ਦੀ ਪ੍ਰੋਸੈਸਿੰਗ ਨੂੰ ਵਧਾਉਣਾ ਅਤੇ ਮੂਲਵਾਸੀ ਸਰਕਾਰਾਂ ਸਮੇਤ ਹਿੱਸੇਦਾਰਾਂ ਦੇ ਨਾਲ ਸਹਿਯੋਗ ਦਾ ਸਮਰਥਨ ਕਰਨਾ।
- ਬਾਲਗਾਂ ਵਾਸਤੇ ਮੁੱਢਲੀ ਸਿੱਖਿਆ ਅਤੇ ਅਜਿਹੇ ਲੋਕ ਜਿਹੜੇ ਆਪਣੇ ਹੁਨਰਾਂ ਨੂੰ ਅਪਗਰੇਡ ਕਰਨਾ ਅਤੇ ਅੱਗੇ ਵਧਾਉਣਾ ਚਾਹੁੰਦੇ ਹਨ,  ਲਈ ਇੰਗਲਿਸ਼ ਭਾਸ਼ਾ ਦੀ ਸਿਖਲਾਈ ਨੂੰ ਮੁਫਤ ਅਤੇ ਪਹੁੰਚਯੋਗ ਕਰਦੇ ਰਹਿਣਾ ਜਾਰੀ ਰੱਖਣ ਵਾਸਤੇ $18 ਮਿਲੀਅਨ ਦਾ ਨਿਵੇਸ਼।
- ਲੋਕਾਂ ਨੂੰ ਸੂਬੇ ਵਿੱਚ 30 ਤੋਂ ਵੱਧ ਸ਼ਹਿਰੀ ਅਤੇ ਪੇਂਡੂ ਭਾਈਚਾਰਿਆਂ ਵਿੱਚ ਸੁਰੱਖਿਅਤ ਢੰਗ ਨਾਲ ਆਉਣ ਜਾਣ ਵਿੱਚ ਸਹਾਇਤਾ ਕਰਨ ਲਈ ਬੀ.ਸੀ. ਟ੍ਰਾਂਜ਼ਿਟ ਅਤੇ ਹੈਂਡੀਡਾਰਟ ਸੇਵਾਵਾਂ ਨੂੰ ਵਧਾਉਣ ਲਈ $21 ਮਿਲੀਅਨ ਦਾ ਵਾਧਾ।
- ਇਹ ਯਕੀਨੀ ਬਣਾਉਣ ਲਈ ਕਿ ਬੀ.ਸੀ. ਦੇ ਪੁਲ ਅਤੇ ਸੜਕਾਂ ਲੋਕਾਂ ਅਤੇ ਮਾਲ ਦੀ ਆਵਾਜਾਈ ਜਾਰੀ ਰੱਖਦੇ ਹਨ, ਤਿੰਨ ਸਾਲਾਂ ਵਿੱਚ ਨਵੇਂ ਫੰਡਾਂ ਵਿੱਚ $39 ਮਿਲੀਅਨ ਅਤੇ ਇੰਸਪੈਕਸ਼ਨ ਸਟੇਸ਼ਨਾਂ ਦੇ ਘੰਟਿਆਂ ਅਤੇ ਮਿੱਥੇ ਹੋਏ  ਲਾਗੂ ਕਰਨ ਨੂੰ ਵਧਾ ਕੇ ਵਪਾਰਕ ਵਾਹਨਾਂ ਦੀ ਸੁਰੱਖਿਆ ਨੂੰ ਸੁਧਾਰਨ ਲਈ ਵਾਧੂ $4 ਮਿਲੀਅਨ ਮੁਹੱਈਆ ਕਰਨਾ।
- ਟੈਕਸੀ ਉਦਯੋਗ ਨੂੰ ਆਧੁਨਿਕ ਬਣਾਉਣ ਅਤੇ ਬੀ.ਸੀ. ਵਿੱਚ ਰਾਇਡ ਹੇਲਿੰਗ ਨੂੰ ਯੋਗ ਕਰਨ ਲਈ ਸਰਕਾਰ ਦੀ ਵਚਨਬੱਧਤਾ ਨੂੰ ਲਾਗੂ ਕਰਨ ਲਈ ਤਿੰਨ ਸਾਲਾਂ ਵਿੱਚ $9 ਮਿਲੀਅਨ ਦਾ ਨਿਵੇਸ਼ ਕਰਨਾ।  ਇਸ ਵਿੱਚ ਵਾਹਨਾਂ ਦੀਆਂ ਵਧੀਆਂ ਹੋਈਆਂ ਪਾਲਣਾ ਅਤੇ ਲਾਗੂ ਕਰਨ ਸੰਬੰਧੀ ਗਤੀਵਿਧੀਆਂ ਲਈ ਫੰਡਿਗ ਸ਼ਾਮਲ ਹੈ ਅਤੇ ਇਹ ਨਵੇਂ ਸੂਬਾਈ ਰੈਗੁਲੇਟਰ, ਦ ਪੈਸੈਂਜਰ ਟ੍ਰਾਂਸਪੋਰਟੇਸ਼ਨ, ਨੂੰ ਸਹਾਰਾ ਦਿੰਦੀ ਹੈ।
- ਬੀ.ਸੀ. ਦੇ ਕਲਾਕਾਰਾਂ, ਲੇਖਕਾਂ ਅਤੇ ਸਿਰਜਣਹਾਰਾਂ ਵਾਸਤੇ ਦਰਵਾਜ਼ੇ ਖੋਲ੍ਹਣ ਲਈ ਬੀ.ਸੀ. ਆਰਟਸ ਕਾਊਂਸਲ ਦੇ ਲਈ ਵਾਧੂ $15 ਮਿਲੀਅਨ ਮੁਹੱਈਆ ਕਰਨਾ।
- ਖਨਨ ਦੇ ਖੇਤਰ ਵਿੱਚ ਇੱਕ ਨਿਗਰਾਨੀ ਕਰਨ ਵਾਲੀ ਨਿਆਂਪੂਰਨ, ਸੁਤੰਤਰ ਸੰਸਥਾ ਨੂੰ ਫੰਡ ਕਰਨ ਲਈ $20 ਮਿਲੀਅਨ ਦਾ ਇਤਿਹਾਸਕ ਨਿਵੇਸ਼ ਕਰਨਾ।
- ਲੋਕਾਂ ਨੂੰ ਕੰਮ 'ਤੇ ਸੁਰੱਖਿਅਤ ਰੱਖਦੇ ਹੋਏ ਬੀ.ਸੀ. ਦੀਆਂ ਸੁਰੱਖਿਆਵਾਂ ਅਤੇ ਲਾਗੂ ਕਰਨ ਸੰਬੰਧੀ ਰੋਜ਼ਗਾਰ ਮਿਆਰਾਂ ਦੇ ਰੂਪ ਨੂੰ ਬਦਲਣ ਲਈ ਤਿੰਨ ਸਾਲਾਂ ਵਿੱਚ ਲਗਭਗ $14 ਮਿਲੀਅਨ ਮੁਹੱਈਆ ਕਰਨਾ।
- ਭਾਈਚਾਰਿਆਂ ਅਤੇ ਕਾਰੋਬਾਰਾਂ ਨੂੰ ਜੋੜਨ ਵਿੱਚ ਸਹਾਇਤਾ ਕਰਨ ਵਾਸਤੇ, ਸਰਕਾਰ, ਬੀ.ਸੀ. ਭਰ ਵਿੱਚ ਪੇਂਡੂ ਅਤੇ ਦੂਰ-ਦੁਰੇਡੇ ਦੇ ਭਾਈਚਾਰਿਆਂ ਵਿੱਚ ਹਾਈ-ਸਪੀਡ ਇੰਟਰਨੈੱਟ ਨੂੰ ਫੈਲਾਉਣ ਲਈ $50 ਮਿਲੀਅਨ ਵਾਸਤੇ ਵਚਨਬੱਧ ਹੈ।

**ਹੋਰ ਜਾਣੋ:**

ਬਜਟ 2019 ਬਾਰੇ ਹੋਰ ਤਫਸੀਲ ਦੇ ਲਈ,www.bcbudget.ca 'ਤੇ ਜਾਓ

**ਸੰਪਰਕ:**
ਵਿੱਤ ਮੰਤਰਾਲਾ
ਕਮਿਊਨੀਕੇਸ਼ਨਜ਼
250 387-1248

ਬੀ.ਸੀ. ਸੂਬੇ ਨਾਲ news.gov.bc.ca/connect ’ਤੇ ਜੁੜੋ